नामांक Roll No.

Sl.No. :

| | | | | | | |
|---|---|---|---|---|---|---|
| | | | | | | |

Total No. of Questions -14
Total No. of Printed Pages - 7

**SS-25-Punjabi Sah. (Supp.)**

Tear here

# उच्च माध्यमिक पूरक परीक्षा, 2017

# SENIOR SECONDARY SUPPLEMENTARY EXAMINATION, 2017

# PUNJABI SAHITYA

**Time : 3 1/4 Hours**
**Maximum Marks : 80**

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਗ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 4, 8, ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ ।

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

यहाँ से काटिए

1 ਮਿੱਠਾ ਬੋਲਣਾ ਸਭ ਚੰਗਿਆਈਆਂ ਦਾ ਮੂਲ ਹੈ । ਮਿੱਠਾ ਬੋਲਣ ਵਾਲਾ ਕਿਤੇ ਧੋਖਾ ਨਹੀਂ ਖਾਂਦਾ । ਮਿਠਾਸ ਵਿਚ ਏਨੀ ਸ਼ਕਤੀ ਹੈ ਕਿ ਗੁੱਸੇ ਨੂੰ ਵੀ ਸ਼ਾਂਤ ਕਰਦਿੰਦੀ ਹੈ । ਭਈ ਗੁਰਦਾਸ ਜੀ ਅੱਗ ਅਤੇ ਪਾਣੀ ਦੀ ਉਦਾਹਰਨ ਦਿਖਦੇ ਹੋਏ ਆਖਦੇ ਹਨ ਕਿ ਅੱਗ ਦੀਆਂ ਲਪਟਾਂ ਉੱਪਰ ਵਾਲ ਨੂੰ ਜਾਂਦੀਆਂ ਹਨ ਪਰੰਤੂ ਉਨ੍ਹਾਂ ਦਾ ਕੋਈ ਲਾਭ ਨਹੀਂ ਪਰੰਤੂ ਪਾਣੀ ਹਮੇਸ਼ਾ ਨੀਵੇਂ ਵੱਲ ਨੂੰ ਵਹਿੰਦਾ ਹੈ । ਉਹ ਅੱਗ ਵਾਂਗ ਗਰਮ ਨਹੀਂ ਬਲਕਿ ਠੰਢਾ ਹੁੰਦਾ ਹੈ । ਕੋਈ ਕਿੰਨਾ ਵੀ ਮਹਾਨ ਵਿਦਵਾਨ ਹੋਵੇ, ਜੇ ਉਸ ਵਿੱਚ ਨਿਮਰਤਾ ਤੇ ਮਿਠਾਸ ਨਹੀਂ, ਵਿਦਵਾਨ ਵਿਅਕਥ ਹੈ । ਨਿਮਰਤਾ ਦੀ ਉਦਾਹਰਨ ਗੁਰਬਾਣੀ ਵਿਚੋਂ ਵੀ ਇੰਝ ਮਿਲਦੀ ਹੈ ਕਿ ਤੱਕੜੀ ਦੇ ਜਿਵੜੇ, ਪੱਲੜੇ ਵਿੱਚ ਭਾਰ ਪਾ ਕੇ ਤੋਲਿਆ ਜਾਵੇ ਉਹੀ ਪੱਲੜਾ ਨੀਵਾਂ ਹੋ ਜਾਂਦਾ ਹੈ ਭਾਵ ਜਿਹੜਾ ਵਿਅਕਤੀ ਹੁਣਾਂ ਨਾਲ ਭਰਪੂਰ ਹੋਵੇਗਾ, ਉਹ ਨੀਵਾਂ ਹੋਵੇਗਾ । ਫਲਾਂ ਨਾਲ ਲੱਦੇ ਹੋਏ ਦਰੱਖ਼ਤ ਵੀ ਨੀਵੇਂ ਝੁਕੇ ਹੁੰਦੇ ਹਨ । ਸੋ ਮਿਠਾਸ ਤੇ ਨਿਮਰਤਾ ਮਨੁੱਖ ਦੇ ਮਨੁੱਖੀਪੁਣੇ ਨੂੰ ਪ੍ਰਫੁੱਲਿਤ ਕਰਨ ਵਾਲੇ ਬੁਨਿਆਦੀ ਗੁਣ ਹਨ ।

(ੳ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦੱਸੋ ।
(ਅ) ਕੌਣ ਕਿਤੇ ਧੋਖਾ ਨਹੀਂ ਖਾਂਦਾ ?
(ੲ) ਵਿਦਵਤਾ ਕਦੋਂ ਵਿਅਰਥ ਹੁੰਦੀ ਹੈ ?
(ਸ) ਗੁਣਾਂ ਨਾਲ ਭਰਪੂਰ ਵਿਅਕਤੀ ਦੀ ਕੀ ਵਿਸ਼ੇਸ਼ਤਾ ਹੈ ?
(ਹ) ਹੇਠ ਦਿੱਤੇ ਪੈਰ੍ਹੇ ਵਿਚਲੇ ਸ਼ਬਦਾਂ ਦੇ ਅਰਥ ਦੱਸੋ :-
ਮੂਲ, ਵਿਅਰਥ, ਭਰਪੂਰ, ਬੁਨਿਆਦੀ **[5x2= 10]**

**2 ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- [10]**

(ੳ) ਵਿਸਾਖੀ ਦਾ ਮੇਲਾ । (ਅ) ਕੰਪਿਊਟਰ ।
(ੲ) ਬੇਰੁਜ਼ਗਾਰੀ ਦੀ ਸਮੱਸਿਆ । (ਸ) ਕਿਸੇ ਇਤਿਹਾਸਕ ਸਥਾਨ ਦੀ ਯਾਤਰਾ ।
(ਹ) ਜੇ ਮੈਂ ਪ੍ਰਿੰਸੀਪਲ ਹੁੰਦਾ ।

**3 ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਕਹਾਣੀ-ਰਚਨਾ ਕਰੋ :- [5]**

(ੳ) ਨੇਕੀ ਦਾ ਫਲ । (ਅ) ਸੁਆਰਥੀ ਮਿੱਤਰ । (ੲ) ਖ਼ਰਗੋਸ਼ ਅਤੇ ਕੱਛੂਕੁੰਮਾਂ ।

4 ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਇਲਾਕੇ ਵਿੱਚ ਨੌਜੁਆਨਾਂ ਵਿੱਚ ਵੱਧ ਰਹੇ ਨਸ਼ਾਖ਼ੋਰੀ ਦੇ ਰੁਝਾਨਾਂ ਤੋਂ ਜਾਣੂ ਕਰਾਉਂਦੇ ਹੋਏ ਪ੍ਰੈੱਸ ਨੋਟ ਲਿਖੋ [1+3+1=5]

(ਜਾਂ)

ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਸਕੂਲ ਵਿੱਚ ਮਾਨਏ ਗਏ ਗਣਤੰਤਰ ਦਿਵਸ ਸਮਾਰੋਹ ਸੰਬੰਧੀ ਪ੍ਰੈੱਸ ਨੋਟ ਲਿਖੋ ।

5 (ੳ) ਕਿਸੇ ਕੋ ਮੁਹਾਵਰਿਆਂ ਦਾ ਅਰਥ ਦੱਸ ਕੇ ਵਾਕ ਬਣਾਓ :- [2]

1. ਉਂਗਲ ਕਰਨੀ । 2. ਇਕਮੁੱਠ ਹੋਣਾ ।

3. ਹੱਡ ਭੰਨਣੇ । 4. ਬਾਂਹ ਫੜਨੀ ।

(ਅ) ਕਿਸੇ ਤਿੰਨ ਅਖਾਣਾਂ ਦਾ ਅਰਥ ਦੱਸ ਕੇ ਵਾਕ ਬਣਾਓ :- [3]

1. ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ ।
2. ਆਪ ਕੁਚੱਜੀ, ਵਿਹੜੇ ਨੂੰ ਦੋਸ਼ ।
3. ਸਾਈਆਂ ਕਿਤੇ ਵਧਾਈਆ ਕਿਤੇ ।
4. ਹੰਕਾਰਿਆਂ ਸੋ ਮਾਰਿਆ ।
5. ਕੁੱਤਾ ਰਾਜ ਬਹਾਲੀਏ ਫਿਰ ਚੱਕੀ ਚੱਟੇ ।

6 ਵਿਸ਼ਰਾਮ ਚਿੰਨ੍ਹ ਦੀ ਵਰਤੋਂ ਕਰੋ :- [1 + 1 + 1 = 3]

1. ਤੁਸੀਂ ਕਦੋਂ ਆਓਗੇ
2. ਨੀ ਝੱਲੀਏ ਸ਼ਰਮ ਕਰ
3. ਹਰਜੀਤ ਆਈ. ਏ. ਐੱਸ. ਅਫ਼ਸਰ ਹੈ

7 (ੳ) ਵਾਕ - ਵੰਡ ਕਰੋ :- [1+1+1=3]

1. ਗੁਰਮੀਤ ਰੋਟੀ ਖਾ ਰਿਹਾ ਹੈ । (ਵਾਕ ਵਿਚੋਂ 'ਕਰਮ' ਦੱਸੋ)
2. ਗੁਰਪ੍ਰੀਤ ਨੇ ਲਾਲ ਪੱਗ ਬੰਨ੍ਹੀ ਹੈ । (ਵਾਕ ਵਿਚੋਂ 'ਕਰਤਾ' ਦੱਸੋ)
3. ਰਣਜੀਤ ਨੇ ਫ਼ਲ ਖ਼ਰੀਦੇ । (ਵਾਕ ਵਿਚੋਂ 'ਕਿਰਿਆ' ਦੱਸੋ)

**(ਅ) ਅਸ਼ੁੱਧ ਤੋਂ ਸ਼ੁੱਧ ਵਾਕ ਬਣਾਓ :-** **[1+1=2]**

1. ਪਿਤਾ ਜੀ ਅਖ਼ਬਾਰ ਪੜ੍ਹ ਰਹੀ ਹੈ ।
2. ਸੁਰਿੰਦਰ ਨੇ ਦਵਾਈ ਨੂੰ ਪੀਤੀ ।

**(ੲ) ਪਦ-ਕਰਮ ਸਹੀ ਕਰੋ :-** **[1+1=2]**

1. ਲੜਦੇ ਤੁਸੀਂ ਹੋ ਬਹੁਤ ।
2. ਕੁੱਤਾ ਰਿਹਾ ਹੈ ਭੌਂਕ ਭਿਖਾਰੀ ਨੂੰ ।

**8 ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾ ਦੇ ਉੱਤਰ ਦਿਓ :-** **[1+1+1+1=4]**

(1) ਦਿਲ ਦਰਯਾ ਵਿੱਚ ਲੋਹੜ ਲਿਆਂਦਾ,
ਲਹਿਰਾਂ ਵਾਂਗ ਉਮੰਗਾਂ ਪਾਗਲ ਕੀਤਾ,
ਇਸ ਪਾਪੀ ਜੀਉੜੇ ਨਿਤ ਨਵੀਆਂ ਕਰ ਕਰ ਮੰਗਾਂ,
ਇਸ ਦੀ ਖਾਤਰ, ਮੈਂ ਦਰ ਦਰ ਪਿੰਨਿਆਂ
ਖੂਹ ਵਿੱਚ ਸੁਟ ਸੁਟ ਮੰਗਾਂ, ਫੇਟ ਨਾ ਪਰਚੇ,
ਤਾਂ ਦੱਸੋ ਲੋਕੋ, ਇਹਨੂੰ ਕਿਸ ਸੂਲੀ ਤੇ ਟੰਗਾਂ ?

(ੳ) ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਦੀਆਂ ਹਨ ?
(ਅ) ਉਪਰੋਕਤ ਕਾਵਿ-ਸਤਰਾਂ ਦੇ ਕਵੀ ਕੌਣ ਹਨ ?
(ੲ) ਉਪਰੋਕਤ ਸਤਰਾਂ ਦੇ ਭਾਵ - ਅਰਥ ਲਿਖੋ ।
(ਸ) ਹੇਠ ਦਿੱਤੇ ਸ਼ਬਦਾਂ ਦੇ ਅਰਥ ਦੱਸੋ :-
ਲੋਹੜ ਲਿਆਂਦਾ, ਪਿੰਨਿਆ ।

(2) ਟੁਟ ਜਾਵਣ ਕੈਦਾਂ, ਹੱਦਬੰਦੀਆਂ
ਵੰਡ ਰਹੇ ਨਾ ਕਾਣੀ;
ਹਰ ਇਕ ਬੰਦਾ ਸ਼ਾਹ ਦੁਨੀਆਂ ਦਾ
ਹਰ ਇਕ ਤੀਵੀਂ ਰਾਣੀ ।

(ੳ) ਉਪਰੋਕਤ ਕਾਵਿ-ਸਤਰਾਂ ਦੇ ਕਵੀ ਦਾ ਨਾਂ ਦੱਸੋ ।
(ਅ) ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ?
(ੲ) ਉਪਰੋਕਤ ਸਤਰਾਂ ਵਿੱਚ ਕਿਹੜੀਆਂ ਕੈਦਾਂ ਤੇ ਹੱਦਬੰਦੀਆਂ ਵੱਲ ਸੰਕੇਤ ਹੈ ?
(ਸ) 'ਉਪਰੋਕਤ ਕਾਵਿ-ਸਤਰਾਂ ਦਾ ਭਾਵ ਅਰਥ ਲਿਖੋ ।

9 ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਸੁਆਲਾਂ ਦੇ ਜੁਆਬ ਦਿਓ :- [2+2+2=6]

(ੳ) ਕਦੀ ਕਦੀ ਮੇਰੀ ਮਾਂ ਆਖੇ :
'ਵੇ ਮੇਰੇ ਦੁਖ-ਦਰਦ ਦੇ ਹਾਣੀ ,
ਮੇਰੀ ਹਿੱਦ ਨੂੰ ਲਗ ਕੇ ਸੌਂ ਜਾ
ਜਿਸ ਥਾਉਂ ਤੇਰਾ ਬਾਪ ਸਿਧਾਇਆ
ਉਸ ਥਾਵੇਂ ਕੋਈ ਪਾਪ ਨ ਆਵੇ
ਮੇਰੇ ਬੂਟੇ ਗੱਭਰੂ ਹੋ ਜਾ
ਤੇਰੀ ਛਾਂਵੇਂ ਮੈਂ ਸੌਂ ਜਾਵਾਂ
ਕਦੇ ਕਦੇ ਬਾਲਾਂ ਦੇ ਕੁੱਛੜ
ਸੌਣ ਨਿਚਿੰਤ, ਨਿਕਰਮਣ ਮਾਵਾਂ'।

1. 'ਬੂਟਾ' ਕਿਸ ਦਾ ਪ੍ਰਤੀਕ ਹੈ ?
2. 'ਨਿਕਰਮਣ ਮਾਵਾਂ' ਕਿਸ ਵੱਲ ਸੰਕੇਤ ਕਰਦਾ ਹੈ ?
3. ਮਾਂ ਤੇ ਪੁੱਤ ਦੋਹਾਂ ਵਿੱਚ ਕਿਸ ਗੱਲ ਦੀ ਸਾਂਝ ਹੈ ?

(ਅ) ਮੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਕਰ ਅਰਾਮ ਨਹੀਂ ਬਹਿੰਦੇ ।
ਨਿਹੁੰ ਵਾਲੇ ਨੈਣਾਂ ਦੀ ਨੀਂਦਰ ?
ਓ ਦਿਨੇ ਰਾਤ ਪਏ ਵਹਿੰਦੇ ।
ਇੱਕੋ ਲਗਨ ਲਡੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ ---
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇਂ ।

1. ਉਪਰੋਕਤ ਸਤਰਾਂ ਵਿੱਚ ਕਿਹੜੇ ਸੰਦੇਸ਼ ਦਾ ਪ੍ਰਗਟਾਵਾ ਹੈ ?
2. 'ਅਨੰਤ ਟੋਰ' ਕਿਨ੍ਹਾਂ ਦੀ ਹੁੰਦੀ ਹੈ ?
3. 'ਵਸਲੋਂ ਉਰੇ ਮੁਕਾਮ ਨਾ ਕੋਈ' ਤੋਂ ਕੀ ਭਾਵ ਹੈ ?

10 ਕਿਸੇ ਇਕ ਵਾਰਤਕ-ਅੰਸ਼ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਓ :-

**[1½+1½+1½+1½=6]**

(ੳ) ਆਪਣਾ ਮੁੰਡ ਘਰੋਂ ਨੱਠ ਕੇ ਫ਼ੌਜ ਵਿੱਚ ਭਰਤੀ ਹੋ ਗਿਆ । ਸਾਰੇ ਟੱਬਰ ਨੇ ਧਾਹਾਂ ਮਾਰ-ਮਾਰ ਕੇ ਪਿੰਡ'ਕੱਠ ਕਰ ਲਿਆ । ਮੈਂ ਕਿਹਨੂੰ ਹੋ ਕੇ ਮੁਣਾਵਾਂ ? ਹੁਣ ਏਸ ਨਿਆਣੇ ਉੱਤੇ ਵੀ ਦੰਦ ਧਰਿਆ ਏ ।

1. ਇਹ ਸ਼ਬਦ ਕਿਸ ਦੁਆਰਾ ਕਹੇ ਗਏ ਹਨ ?
2. ਇਹ ਸ਼ਬਦ ਕਿਸ 'ਕਹਾਣੀ' ਵਿਚੋਂ ਹਨ ? ਕਹਾਣੀਕਾਰ ਦਾ ਨਾਂ ਵੀ ਦੱਸੋ ।
3. ਕਿਹੜੇ 'ਟੱਬਰ' ਦੀ ਗੱਲ ਹੋ ਰਹੀ ਹੈ ਤੇ ਕਿਉਂ ?
4. ਉਪਰੋਕਤ ਵਾਕ ਕਿਸ ਪ੍ਰਸੰਗ ਵਿੱਚ ਕਹੇ ਗਏ ਹਨ ?

(ਅ) ਕੋਠੀ ਤਿਆਰ ਹੋ ਗਈ ਤਾਂ ਬਾਪੂ ਵਾਸਤੇ ਫੇਰ ਮੁਸ਼ਕਿਲਾਂ ਖੜ੍ਹੀਆਂ ਹੋ ਗਈਆਂ । ਉਹ ਕਿਹੜੇ ਕਮਰੇ 'ਚ ਗਵ੍ਹੇ ? ਕਿੱਥੇ ਉੱਠੇ-ਬੈਠੇ ? ਉਹ ਥਾਂ ਕਿਹੜੀ ਹੋਏ, ਜਿੱਥੇ ਬਲਵਿੰਦਰ ਦਾ ਕਖ਼ਲ ਨਾ ਹੋਵੇ । ਉਹ ਸੀ ਗੈਰਜ ਜਿੱਥੇ ਖੜ੍ਹੀ ਕਰਨ ਵਾਸਤੇ ਸਾਡੇ ਕੋਲ ਅਜੇ ਕਾਰ ਨਹੀਂ ਸੀ ।

1. ਇਹ ਵਾਕ ਕਿਸ 'ਕਹਾਣੀ' ਵਿਚੋਂ ਹਨ ? ਕਹਾਨੀਕਾਰ ਦਾ ਨਾਂ ਵੀ ਦੱਸੋ ।
2. ਬਾਪੂ ਦੀਆਂ ਮਸ਼ਕਿਲਾਂ ਦਾ ਕੀ ਕਾਰਨ ਸੀ ?
3. ਬਲਵਿੰਦਰ ਕੌਣ ਸੀ ? ਉਸਦਾ ਕੀ ਕਖ਼ਲ ਸੀ ?
4. ਹੁਣ ਬਾਪੂ ਕਿੱਥੇ ਰਹਿੰਦਾ ਸੀ ?

11 ਕੋਈ ਚਾਰ ਪ੍ਰਸ਼ਨ ਦੇ ਉੱਤਰ ਲਿਖੋ :- **[1+1+1+1=4]**

(ੳ) 'ਖੰਬ' ਕਹਾਣੀ ਦਾ ਮੁੱਖ ਪਾਤਰ ਕੌਣ ਹੈ ?

(ਅ) 'ਸ਼ੇਰਨੀਆਂ' ਕਾਹਣੀ ਵਿੱਚ 'ਸ਼ੇਰਨੀਆਂ' ਕਿੰਨ੍ਹਾਂ ਨੂੰ ਕਿਹਾ ਗਿਆ ਹੈ ?

(ੲ) 'ਕਾਰ ਖਿਡੌਣਾ' ਕਹਾਣੀ ਦੇ ਕਹਾਣੀਕਾਰ ਕੌਣ ਹਨ ?

(ਸ) 'ਅੰਨ੍ਹੀਮਾਂ ਦਾ ਪੁੱਤ' ਕਹਾਣੀ ਕਿਸ ਪਾਤਰ ਦੇ ਆਲੇ-ਦੁਆਲੇ ਘੁੰਮਦੀ ਹੈ ?

(ਹ) 'ਬਾਗਾਂ ਦਾ ਰਾਖਾ' ਕਹਾਣੀ ਵਿੱਚ ਬਾਗ਼ ਦਾ ਮਾਲਕ ਕੌਣ ਸੀ ?

**12** **ਕੋਈ ਦੋ ਸੁਆਲ ਕਰੋ :-** **[3+3=6]**

(ੳ) ਸ਼ਰਨ ਸਿੰਘ ਜਾਂ ਸ਼ਾਮੋ ਦੀ ਪਾਤਰ ਉਸਾਰੀ ਕਰੋ ।

(ਅ) 'ਬੇਬੇ ਰਾਮ ਭਨਜੀ' ਇਕਾਂਗੀ ਦੀ ਸਮੱਸਿਆ ਆਪਣੇ ਸ਼ਬਦਾ ਵਿੱਚ ਲਿਖੋ ।

(ੲ) ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਵਿੱਚ ਕੀ ਕੁਝ ਲਿਖਿਆ ਸੀ ? ਆਪਣੇ ਸ਼ਬਦਾਂ ਵਿੱਚ ਲਿਖੋ ?

**13** **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ :-** **[2+2=4]**

(ੳ) 'ਨਾਇਕ' ਇਕਾਂਗੀ ਵਿੱਚ ਪੁੱਤਰ ਆਪਣੇ ਜੁਰਮ ਬਾਰੇ ਜੱਜ ਨੂੰ ਕੀ ਦੱਸਦਾ ਹੈ ?

(ਅ) 'ਬੀਬਕੇਸ' ਇਕਾਂਗੀ ਵਿੱਚ ਸਿਪਾਹੀ ਆਪਣੇ ਇਲਾਕੇ ਬਾਰੇ ਥਾਣੇਦਾਰ ਨੂੰ ਕੀ ਕੁਝ ਦੱਸਦਾ ਹੈ ?

(ੲ) ਪ੍ਰਸੰਗ ਸਹਿਤ ਵਿਆਖਿਆ ਕਰੋ :-

ਲੋਕ ਤਾਂ ਸਗੋਂ ਇਹੋ ਜਿਹਾ ਮਕਾਨ ਲੱਭਦੇ ਨੇ ਜਿਸ ਵਿੱਚ ਦੋ ਪਾਸਿਆਂ ਤੋਂ ਹਵਾ ਤੇ ਧੁੱਪ ਆ ਸਕੇ । ਤੁਸੀਂ ਕਦੇ ਨਵੇਂ ਸਟਾਈਲ ਦੇ ਬਣੇ ਹੋਏ ਮਕਾਨ ਵੇਖੋ, ਘੱਟੋ ਘੱਟ ਦੋ ਪਾਸੇ ਤੋਂ ਜ਼ਰੂਰੀ ਖ਼ਾਲੀ ਹੋਣਗੇ ।

**14** ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਉੱਪਰ ਸੰਖੇਪ ਨੋਟ ਲਿਖੋ । **[5]**

(ਜਾਂ)

ਆਧੁਨਿਕ ਪੰਜਾਬੀ ਇਕਗੀ ਦੇ ਇਤਹਾਸ ਉੱਪਰ ਚਾਨਣ ਪਾਓ ।

❄❄❄